Punjabi

ਬਹੁਸਭਿਆਚਾਰਕ ਲਾਇਬ੍ਰੇਰੀ ਵੈਬ ਪੇਜਿਜ਼ ਸੰਬੰਧਤ ਜਾਣਕਾਰੀ
ਨਵੰਬਰ 2005

## ਮੈਂਬਰ ਕਿਸ ਤਰ੍ਹਾਂ ਬਣਿਆ ਜਾਏ

ਲਾਇਬ੍ਰੇਰੀ ਦਾ ਮੈਂਬਰ ਬਣਨਾ ਮੁਫ਼ਤ ਹੈ ਅਤੇ ਤੁਸੀਂ ਕਿਸੇ ਵੀ ਉਮਰ ਵਿਚ ਮੈਂਬਰ ਬਣ ਸਕਦੇ ਹੋ।
ਪੂਰਣ ਸਦੱਸਤਾ ਲਈ ਤੁਹਾਨੂੰ ਤੁਹਾਡਾ ਵਰਤਮਾਨ ਨਾਮ, ਪਤਾ ਅਤੇ ਦਸੱਤਖ਼ਤ ਦਾ ਪ੍ਰਮਾਣ, ਜਿਵੇਂ ਕਿ ਡ੍ਰਾਈਵਿੰਗ ਲਾਈਸੈਂਸ, ਅਲਾਉਂਸ ਬੁਕ ਜਾਂ ਬੈਂਕ ਸਟੇਟਮੈਂਟ ਦਿਖਾਉਣ ਅਤੇ ਇਕ ਰਜਿਸਟ੍ਰੇਸ਼ਨ ਫਾਰਮ ਭਰਨ ਦੀ ਲੋੜ ਹੈ। ਕਵਿਕ ਮੈਂਬਰਸ਼ਿਪ ਲਈ ਸਾਨੂੰ ਸਿਰਫ ਇਕ ਪ੍ਰਮਾਣ ਦੀ ਲੋੜ ਹੈ। ਜੇਕਰ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ ਤਾਂ ਤੁਹਾਡੇ ਮਾਤਾ–ਪਿਤਾ ਜਾਂ ਰਾਖੇ ਨੂੰ ਤੁਹਾਡੇ ਰਜਿਸਟ੍ਰੇਸ਼ਨ ਫਾਰਮ 'ਤੇ ਦਸਤਖ਼ਤ ਕਰਨ ਅਤੇ ਉਨ੍ਹਾਂ ਦਾ ਪ੍ਰਮਾਣ ਦਿਖਾਉਣ ਦੀ ਲੋੜ ਹੈ।

ਕਿਤਾਬਾਂ ਅਤੇ ਰਸਾਲੇ ਮੁਫ਼ਤ ਉਧਾਰ ਲਏ ਜਾ ਸਕਦੇ ਹਨ, ਪਰ ਦੂਜਿਆਂ ਵਸਤੂਆਂ 'ਤੇ ਮੁੱਲ ਲਾਗੂ ਹੋ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਆਪਣੀ ਸਥਾਨਕ ਲਾਇਬ੍ਰੇਰੀ ਨਾਲ ਸੰਪਰਕ ਕਰੋ।

## ਬਹੁਸਭਿਆਚਾਰਕ ਸੇਵਾਵਾਂ

ਹਾਈ ਵੇਕਮ ਲਾਇਬ੍ਰੇਰੀ ਵਿਚ ਸਾਡੇ ਕੋਲ ਸਮਰਪਿਤ ਲਾਇਬ੍ਰੇਰਿਅਨ ਹੈ।

ਸਮਾਜ ਦੀਆਂ ਭਾਸ਼ਾਵਾਂ (ਉਰਦੂ, ਪੰਜਾਬੀ, ਗੁਜਰਾਤੀ, ਹਿੰਦੀ) ਵਿਚ ਸਾਡੀਆਂ ਮੁੱਖ ਕਿਤਾਬਾਂ ਦਾ ਇਕੱਠ ਹਾਈ ਵੇਕਮ, ਆਇਲਸਬਰੀ ਅਤੇ ਚੈਸ਼ਮ ਵਿਚ ਹੈ। ਅਤੇ ਵਡੇ ਵਰਗ ਵਿਚ ਰਸਾਲੇ, ਡੀ ਵੀ ਡੀਜ਼ ਅਤੇ ਵਿਡਿਓਜ਼ ਵੀ ਹਨ।

ਏਸ਼ਿਅਨ ਅਤੇ ਐਫਰੋ–ਕੇਰਬਿਅਨ ਲੇਖਕਾਂ ਦੀਆਂ ਕਿਤਾਬਾਂ ਦਾ ਇਕੱਠ ਵੀ ਹੈ।

ਕੁਝ ਲਾਇਬ੍ਰੇਰਿਆਂ ਵਿਚ ਯੋਰਪਿਅਨ ਫੋਰਨ ਫਿਕਸ਼ਨ (ਯੋਰਪਿਅਨ ਵਿਦੇਸ਼ੀ ਕਥਾ ਸਹਿਤ ਨਾਵਲ) ਹਨ।

ਹਾਈ ਵੇਕਮ ਲਾਇਬ੍ਰੇਰੀ ਵਿਚ ਥੋੜੀ ਗਿਣਤੀ ਵਿਚ ਚਾਈਨਿਜ਼ ਵਿਚ ਕਿਤਾਬਾਂ ਹਨ।

## ਪਿਪਲਜ਼ ਨੈਟਵਰਕ

ਇਹ ਲੋਕਾਂ ਲਈ ਕੰਪਿਉਟਰ ਹਨ ਜੋ ਕਿ ਸਾਰੀਆਂ ਲਾਇਬ੍ਰੇਰੀਆਂ ਵਿਚ ਉਪਲਬਧ ਹਨ। ਇਨ੍ਹਾਂ ਦੀ ਵਰਤੋ ਲਈ ਥੋੜਾ ਜਿਹਾ ਮੁੱਲ ਲਾਗੂ ਹੁੰਦਾ ਹੈ। ਕੁੱਝ ਛੋਟ ਵੀ ਮਿਲਦੀ ਹੈ। ਇਸ ਬਾਰੇ ਜਾਣਕਾਰੀ ਲਈ ਸਥਾਨਕ ਲਾਇਬ੍ਰੇਰੀ ਨਾਲ ਸੰਪਰਕ ਕਰੋ।

## ਵਿਕਲਾਂਗਤਾਵਾਂ ਵਾਲੇ ਲੋਕ

ਕੁਝ ਲਾਇਬ੍ਰੇਰੀਆਂ ਵਿਚ ਦੇਖਣ ਵਿਚ ਵਿਕਲਾਂਗਤਾਵਾਂ ਵਾਲੇ ਲੋਕਾਂ ਲਈ ਆਈ ਟੀ ਦੀ ਵਰਤੋਂ ਆਸਾਨ ਬਣਾਉਣ ਲਈ ਮੂਲ–ਪਾਠ ਨੂੰ ਵੱਡਾ ਕਰਨ ਅਤੇ ਸ਼ਬਦ ਸੁਣਾਈ ਦੇਣ ਲਈ ਸੋਫਟ ਵੇਅਰ ਵਾਲੇ ਕੰਪਿਉਟਰ ਸੂਟਸ ਵੀ ਹਨ।

ਐਮਰਸ਼ੈਮ ਲਾਇਬ੍ਰੇਰੀ ਵਿਚ ਬੋਲੇ ਅਤੇ ਘੱਟ ਸੁਣਨ ਵਾਲੇ ਲੋਕਾਂ ਲਈ ਹੇਯਰਿੰਗ ਇਮਪੇਅਰਮੇਂਟ ਕੋਲੈਕਸ਼ਨ ਦੇ ਸਾਧਨ ਹਨ। ਇਨ੍ਹਾਂ ਦੀ ਵਰਤੋਂ ਕੋਈ ਵੀ ਵਿਅਕਤੀ ਕਰ ਸਕਦਾ/ਸਕਦੀ ਹੈ। ਕਿਸੇ ਵੀ ਚੀਜ਼ 'ਤੇ ਰਾਖਵੇਂ ਅਧਿਕਾਰ ਲਈ ਕੋਈ ਮੁੱਲ ਨਹੀਂ ਦੇਣਾ ਪੈਂਦਾ ਹੈ। ਸਾਰੀਆਂ ਲਾਇਬ੍ਰੇਰਿਆਂ ਵਿਚ ਸੂਚੀ ਦੀ ਅਸਲ ਕਾਪੀ ਹੈ। ਇਹ ਇਕੱਠ ਕਿਸੇ ਲਈ ਵੀ, ਵਰਤੋਂ ਦੇ ਇਰਾਦੇ ਨਾਲ ਹੈ।

## ਮੋਬਾਇਲ ਲਾਇਬ੍ਰੇਰੀਜ਼

ਇੱਥੇ ਤਿੰਨ ਮੋਬਾਇਲ ਲਾਇਬ੍ਰੇਰਿਜ਼ ਹਨ ਜਿਹੜੀਆਂ ਮੁਖ ਤੌਰ 'ਤੇ ਪਿੰਡਾਂ ਅਤੇ ਸ਼ਹਿਰਾਂ ਦੀਆਂ ਜਾਤੀਆਂ ਦੀ ਸੇਵਾ ਕਰਦੀਆਂ ਹਨ, ਪਰ ਵਡੇ ਸ਼ਹਿਰਾਂ ਦੇ ਦੁਰੇਡੇ ਖੇਤਰਾਂ ਦੀ ਵੀ। ਇਨ੍ਹਾਂ ਸਾਰੀਆਂ ਕੋਲ ਵਡੇ ਵਰਗ ਦਾ ਸਟਾਕ ਹੈ ਜਿਹੜਾ ਕਿ ਲਗਾਤਾਰ ਬਦਲਿਆ ਜਾਂਦਾ ਹੈ ਅਤੇ ਵਿਕਲਾਂਗ ਲੋਕਾ ਦੀ ਪਹੁੰਚਣ ਲਈ ਲਿਫਟ ਵੀ ਹੈ। ਸਮਾਂਸੂਚੀ ਦੀ ਜਾਣਕਾਰੀ ਲਈ ਕਿਰਪਾ ਕਰਕੇ ਆਪਣੀ ਸਥਾਨਕ ਲਾਇਬ੍ਰੇਰੀ ਨਾਲ ਸੰਪਰਕ ਕਰੋ।

ਬਹੁਸਭਿਆਚਾਰਕ ਲਾਇਬ੍ਰੇਰੀ ਵੈਬ ਪੇਜਿਜ਼ ਸੰਬੰਧਤ ਜਾਣਕਾਰੀ
ਨਵੰਬਰ 2005

**ਹੋਮ ਲਾਇਬ੍ਰੇਰੀ ਸਰਵਿਸ**
ਜੇਕਰ ਉਮਰ, ਬਿਮਾਰੀ ਜਾਂ ਕਿਸੇ ਵਿਕਲਾਂਗਤਾ ਕਾਰਨ ਤੁਹਾਨੂੰ ਲਾਇਬ੍ਰੇਰੀ ਜਾਣ ਵਿਚ ਮੁਸ਼ਕਲ ਹੁੰਦੀ ਹੈ ਤਾਂ ਸਾਡੀ ਲਾਇਬ੍ਰੇਰੀ ਦਾ ਇਕ ਮੁਲਾਕਾਤੀ ਤੁਹਾਡੇ ਕੋਲ ਆ ਕੇ ਕਿਤਾਬਾਂ ਦੇ ਕੇ ਜਾ ਸਕਦਾ/ਸਕਦੀ ਹੈ। ਸਾਡੇ ਵਾਲੰਟਿਅਰ ਮਹਿਨੇ ਵਿਚ ਇਕ ਵਾਰ ਤੁਹਾਡੀਆਂ ਕਿਤਾਬਾਂ ਬਦਲਣ ਲਈ ਮੁਲਾਕਾਤ ਕਰਨਗੇ। ਜੇਕਰ ਸੇਵਾ ਪ੍ਰਾਪਤ ਕਰਨ ਜਾਂ ਵਾਲੰਟਿਅਰ ਬਣਨ ਲਈ ਤੁਹਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ ਤਾਂ ਕਿਰਪਾ ਕਰਕੇ 01296 382033 ਨੰਬਰ ’ਤੇ ਫੋਨ ਕਰੋ।

**ਚਿਲਡ੍ਰਨ ਐਂਡ ਯੰਗ ਪਿਪਲਜ਼ ਲਾਈਬ੍ਰੇਰੀ**
ਕਿਸੇ ਵੀ ਉਮਰ ਦੇ ਬੱਚਿਆਂ ਨੂੰ ਸਾਡੀਆਂ ਲਾਇਬ੍ਰੇਰੀਆਂ ਵਿਚ ਆਉਣ ਲਈ ਸੁਆਗਤ ਹੈ। ਸਾਡੀਆਂ ਕਈ ਲਾਇਬ੍ਰੇਰੀਆਂ ਵਿਚ ਬਾਉਨਸ ਐਂਡ ਰਾਈਮ ਸੈਸ਼ਨ ਚਲਾਏ ਜਾਂਦੇ ਹਨ ਜਿੱਥੇ ਬਹੁਤ ਛੋਟੀ ਉਮਰ ਦੇ ਬੱਚੇ ਬਹੁਤ ਆਸਾਨ ਗਾਣੇ ਅਤੇ ਨਰਸਰੀ ਰਾਈਮਜ਼ ਗਾਂਦੇ ਅਤੇ ਉਚਾਰਣ ਕਰਦੇ ਹਨ। ਪ੍ਰਿਸਕੂਲ (ਸਕੂਲ ਜਾਣ ਦੀ ਉਮਰ ’ਤੋਂ ਪਹਿਲਾਂ) ਬੱਚਿਆਂ ਲਈ ਕਹਾਣੀ ਦੇ ਸਮੇਂ ਵੀ ਹਨ ਅਤੇ ਸਕੂਲ ਜਾਣ ਵਾਲੇ ਬੱਚਿਆਂ ਲਈ ਕਈ ਲਾਇਬ੍ਰੇਰਿਆਂ ਵਿਚ ਛੁਟਿਆਂ ਵਿਚ ਕਿਰਿਆਵਾਂ ਅਤੇ ਪੜਣ ਸੰਬੰਧੀ ਕਲੱਬਜ਼ ਵੀ ਹਨ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਆਪਣੀ ਸਥਾਨਕ ਲਾਈਬ੍ਰੇਰੀ ਨਾਲ ਸੰਪਰਕ ਕਰੋ।